ਜਮਾਤ +੨ ਵਿਸ਼ਾ ਲਾਜ਼ਮੀ ਪੰਜਾਬੀ

## ਅਖਾਣ /ਅਖਾਉਤਾਂ :- ਪਰਿਭਾਸ਼ਾ

ਅਖਾਣ ਕਿਸ ਨੂੰ ਕਹਿੰਦੇ ਹਨ? ਇਸ ਸਵਾਲ ਦਾ ਉੱਤਰ ਦੇਣਾ ਜਿਤਨਾ ਸੁਖਾਲ਼ਾ ਹੈ, ਉਤਨਾ ਹੀ ਕਠਿਨ ਵੀ ਹੈ। ਸੁਖਾਲ਼ਾ ਇਸ ਲਈ ਕਿ ਇੱਕ ਅਨਪੜ੍ਹ ਗੰਵਾਰ ਵੀ ਜਾਣਦਾ ਹੈ ਕਿ ਅਖਾਣ ਕੀ ਹੁੰਦੇ ਹਨ, ਤੇ ਮੁਸ਼ਕਲ ਇਸ ਲਈ ਕਿ ਜੇ ਇੱਕ ਪੜ੍ਹੇ-ਲਿਖੇ ਵਿਦਵਾਨ ਨੂੰ ਵੀ ਇਸ ਸ਼ਬਦ ਦੀ ਪਰਿਭਾਸ਼ਾ ਕਰਨ ਲਈ ਕਹਿਆ ਜਾਵੇ ਤਾਂ ਇੱਕ ਪਲ ਲਈ ਉਹ ਵੀ ਸੋਚੀ ਪੈ ਜਾਵੇਗਾ।

ਬੋਲਚਾਲ ਵਿੱਚ ਬਹੁਤ ਆਉਣ ਵਾਲਾ ਬੰਨ੍ਹਿਆ ਹੋਇਆ ਵਾਕ, ਜਿਸ ਵਿਚੋ ਕੋਈ ਅਨੁਭਵ ਦੀ ਗੱਲ ਸੰਖੇਪ ਵਿੱਚ ਅਤੇ ਅਕਸਰ ਅਲੰਕਾਰੀ ਬੋਲ ਵਿੱਚ ਕਹੀ ਗਈ ਹੋਵੇ।" ਡਾ. ਵਣਜਾਰਾ ਬੇਦੀ ਅਖਾਣ ਉਹਨਾਂ ਬੁੱਝਵੇਂ ਤੇ ਪ੍ਰਮਾਣਿਕ ਵਾਕਾਂ ਨੂੰ ਮੰਨਦਾ ਹੈ, ਜਿਹੜੇ ਮਨੁੱਖੀ ਜੀਵਨ ਨਾਲ ਸਬੰਧਤ ਕਿਸੇ ਅਨੁਭਵ ਦੇ ਸੱਚ ਨੂੰ ਸੰਖੇਪ ਰੂਪ ਵਿੱਚ ਪ੍ਰਗਟਾਉਂਦੇ ਹਨ ਅਤੇ ਪਰੰਪਰਾ ਦਾ ਰੂਪ ਧਾਰਨ ਕਰ ਲੈਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਖਾਣਾਂ ਦਾ ਸੱਚ ਕਿਸੇ ਸਮਾਜ ਦੀ ਸਮੇਂ ਦੀ ਸੋਚਣੀ ਨੂੰ ਹੀ ਪ੍ਰਤੀਬਿੰਬਤ ਕਰਦਾ ਹੈ ਤੇ ਉਹ ਸੱਚ ਲੋਕ ਸਮੂਹ ਦਾ ਮਾਪਿਆਂ ਤੋਲਿਆ ਸੱਚ ਹੁੰਦਾ ਹੈ।

ਕਿਸੇ ਅਜਿਹੀ ਆਖੀ ਹੋਈ ਗੱਲ ਨੂੰ ਅਖਾਣ ਕਹਿੰਦੇ ਹਨ ਜਿਸ ਦੇ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਜੀਵਨ ਦਾ ਤੱਤ ਨਿਚੋੜ ਸਮੋਇਆ ਹੋਵੇ । ਅਖਾਣਾਂ ਦੇ ਸ਼ਬਦਾਂ ਵਿੱਚ ਸਦੀਵੀ ਸੱਚ ਹੁੰਦਾ ਹੈ ਜਿਸ ਨੂੰ ਥੋੜ੍ਹੀ ਕੀਤੇ ਝੁਠਲਾਇਆ ਨਹੀਂ ਜਾ ਸਕਦਾ । ਇਸ ਲਈ ਅਖਾਣ ਕਾਫ਼ੀ ਹੱਦ ਤੱਕ ਸਰਬ ਪ੍ਰਵਾਨਿਤ ਹੁੰਦੇ ਹਨ । ਵਿਦਵਾਨਾਂ ਵੱਲੋਂ ਇਹ ਗੱਲ ਮੰਨੀ ਗਈ ਹੈ ਕਿ ਕਿਸੇ ਵੀ ਭਾਸ਼ਾ ਨੂੰ ਚੁਸਤ ਅਤੇ ਟਕਸਾਲੀ (ਸਿੱਕੇ ਬੰਦ) ਬਣਾਉਣ ਵਿੱਚ ਮੁਹਾਵਰੇ ਅਤੇ ਅਖਾਣਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ । ਕਿਉਂਕਿ ਅਖਾਣ ਰੂਪਕ ਪੱਖ ਤੋਂ (ਆਕਾਰ ਵਿੱਚ) ਛੋਟੇ, ਭਾਵ ਵਿੱਚ ਤਿੱਖੇ ਅਤੇ ਸ਼ੈਲੀ ਪੱਖੋਂ ਗੁੰਦਵੀਂ ਵਿਧੀ ਵਾਲੇ ਹੁੰਦੇ ਹਨ । ਇਹਨਾਂ ਦੀ ਘਾੜਤ ਬੜੀ ਜੋਖਵੀਂ (ਸੰਤੁਲਿਤ) ਅਤੇ ਚਾਲ ਲੈਅ ਭਰਪੂਰ ਹੁੰਦੀ ਹੈ । ਇਸੇ ਲਈ ਇਹਨਾਂ ਦਾ ਰੂਪ ਕਾਵਿਕ ਹੋਣ ਦੇ ਨਾਲ-ਨਾਲ ਕਈ ਤਰ੍ਹਾਂ ਦੇ ਗੁਣਾਂ ਵਾਲਾ ਹੁੰਦਾ ਹੈ । ਇਹੋ ਕਾਰਨ ਹੈ ਕਿ ਸਦੀਆਂ ਬੀਤ ਜਾਣ ਤੇ ਵੀ ਅਖਾਣਾਂ ਦੀ ਨੁਹਾਰ ਵਿੱਚ ਕੋਈ ਫ਼ਰਕ ਨਹੀਂ ਪੈਂਦਾ ।

ਅਖਾਣ ਅਜਿਹੇ ਗਿਆਨ ਦਾ ਸੋਮਾ ਸਮਝੇ ਜਾਂਦੇ ਹਨ ਜੋ ਸਾਡੇ ਜੀਵਨ ਦੇ ਕਈ ਪੱਖਾਂ ਦੀ ਅਗਵਾਈ ਕਰਦੇ ਹਨ ਕਿਉਂਕਿ ਕਈ ਅਖਾਣਾਂ ਦਾ ਸੁਭਾਅ ਵਿਅੰਗ ਦੀ ਵਿਧੀ ਰਾਹੀਂ ਸਹੀ ਪੱਖ ਦਾ ਬੋਧ ਕਰਵਾਉਣਾ ਹੁੰਦਾ ਹੈ । ਅਖਾਣ ਏਨਾ ਸਰਲ, ਕਾਵਿਕ ਅਤੇ ਛੋਟਾ ਹੁੰਦਾ ਹੈ ਕਿ ਛੇਤੀ ਹੀ ਯਾਦ ਹੋ ਜਾਂਦਾ ਹੈ । ਇਸ ਦੇ ਅਰਥਾਂ ਵਿੱਚ ਸੁਆਦੀ ਚਟਖਾਰਾ ਵੀ ਹੁੰਦਾ ਹੈ, ਤਦ ਹੀ ਲੋਕ ਆਪਣੀ ਆਮ ਬੋਲ-ਚਾਲ ਵਿੱਚ ਇਸ ਦੀ ਸੁਭਾਵਿਕ ਵਰਤੋਂ ਕਰਦੇ ਹਨ ।

## ਮੁਹਾਵਰੇ ਅਤੇ ਅਖਾਣ ਵਿੱਚ ਨਿਖੇੜਾ :-

ਇਹਨਾਂ ਵਿੱਚ ਨਿਖੇੜਾ ਹੇਠ ਲਿਖੇ ਅਨੁਸਾਰ ਹੈ। ਜਿਵੇਂ- 1. ਅਖਾਣ-ਮੁਹਾਵਰੇ ਸ਼ਬਦ ਭਾਵੇਂ ਇਕੱਠਾ ਪ੍ਰਯੋਗ ਕੀਤਾ ਜਾਂਦਾ ਹੈ, ਪਰ ਦੋਵਾਂ ਵਿੱਚ ਬੁਨਿਆਦੀ ਅੰਤਰ ਹੁੰਦਾ ਹੈ। ਅਖਾਣ ਬਾਰੇ ਕਿਹਾ ਜਾਂਦਾ ਹੈ ਕਿ ਇਹ ਇੱਕ ਅਜਿਹਾ ਛੋਟਾ ਪੂਰਾ ਵਾਕ ਹੁੰਦਾ ਹੈ ਜਿਸ ਵਿੱਚ ਕੋਈ ਸਾਬਤ ਹੋ ਚੁੱਕੀ ਸੱਚਾਈ ਪੇਸ਼ ਹੁੰਦੀ ਹੈ। ਜਦੋਂ ਕਿ ਮੁਹਾਵਰਾ ਲਫ਼ਜਾਂ ਦਾ ਅਜਿਹਾ ਜੋੜ ਹੁੰਦਾ ਹੈ, ਜਿਸ ਦੇ ਅਰਥ ਕਿਸੇ ਵਿਸ਼ੇਸ਼ ਕਿਸਮ ਦੇ ਸਮਾਜਕ ਵਰਤਰਾਰੇ ਵੱਲ ਸੰਕੇਤ ਕਰਦੇ ਹਨ। 2. ਅਖਾਣ ਨੂੰ ਵਾਕ ਵਿੱਚ ਪ੍ਰਯੋਗ ਕਰਨ ਸਮੇਂ ਉਸ ਦਾ ਕਾਲ, ਪੁਰਖ ਜਾਂ ਵਚਨ ਬਦਲਿਆ ਜਾ ਸਕਦਾ, ਜਿਵੇਂ "ਬੁੱਢੀ ਘੋੜੀ ਲਾਲ ਲਗਾਮ" ਅਖਾਣ ਜਿਸ ਅਰਥ ਲਈ ਸਿਰਜਿਆ ਗਿਆ ਅਖਾਣ ਹੈ, ਉਸੇ ਹੀ ਅਰਥ ਵਿੱਚ ਪ੍ਰਯੋਗ ਹੋਵੇਗਾ। ਇਹ ਗੱਲ ਹੈ ਕਿ ਭਾਵ ਅਰਥ ਦੇ ਪੱਧਰ ਤੇ ਇਸ ਨੂੰ ਔਰਤ-ਮਰਦ ਵਿਚੋਂ ਕਿਸੇ ਲਈ ਵੀ ਪ੍ਰਯੋਗ ਕੀਤਾ ਜਾ ਸਕਦਾ ਹੈ ਪਰ ਮੁਹਾਵਰੇ ਦੇ ਸੰਬੰਧ ਵਿੱਚ ਅਜਿਹੀ ਕੋਈ ਤਬਦੀਲੀ ਦੀ ਪਾਬੰਦੀ ਨਹੀਂ ਹੈ। ਜਿਵੇਂ ਮੁਹਾਵਰੇ "ਪਾਪੜ ਵੇਲਣਾ" ਹੈ। ਉਹ ਬਥੇਰੇ ਪਾਪੜ ਵੇਲਦਾ ਰਿਹਾ, ਉਸ ਨੂੰ ਹਾਲੇ ਖ਼ਬਰ ਕਿੰਨੇ ਕੁ ਪਾਪੜ ਵੇਲਣੇ ਪੈਣਗੇ, ਆਦਿ ਹਾਲਤਾਂ ਵਿੱਚ ਉਸ ਦੇ ਲਿੰਗ, ਵਚਨ ਜਾਂ ਪੁਰਖ ਨੂੰ ਤਬਦੀਲ ਕੀਤਾ ਜਾ ਸਕਦਾ ਹੈ। ਜਦੋਂ ਕਿ ਅਖਾਣ ਲਈ ਅਜਿਹੀ ਤਬਦੀਲੀ ਸੰਭਵ ਨਹੀਂਹੈ।"

4. ਮੁਹਾਵਰੇ ਦੇ ਵਿਪਰੀਤ ਅਖਾਣ ਦਾ ਅਰਥ ਖੇਤਰ ਵਧੇਰੇ ਵਿਸ਼ਾਲ ਹੁੰਦਾ ਹੈ। ਅਖਾਣ ਕਿਸੇ ਨਿਸ਼ਚਿਤ ਵਰਤਾਰੇ ਅੰਦਰਲੀ ਪ੍ਰਮੁੱਖ ਤੇ ਠੋਸ ਸੱਚਾਈ ਨੂੰ ਪੇਸ਼ ਕਰਦੇ ਹਨ। ਇਹ ਸੱਚ ਲੰਬੇ ਤਜ਼ਰਬੇ ਵਿੱਚੋਂ ਲੰਘਿਆ ਤੇ ਲੋਕਾਂ ਦੁਆਰਾ ਪ੍ਰਵਾਨਿਤ ਸੱਚ ਹੁੰਦਾ ਹੈ।

5. ਮੁਹਾਵਰੇ ਵਿੱਚ ਪੂਰੀ ਗੱਲ ਸਮਾਈ ਨਹੀਂ ਹੁੰਦੀ। ਵਾਕਾਂ ਵਿੱਚ ਵਰਤੇ ਜਾਣ ਨਾਲ ਹੀ ਇਹਨਾਂ ਵਿੱਚ ਲੁਕੇ ਭਾਵਾਂ ਦਾ ਬੋਧ ਹੁੰਦਾ ਹੈ।

ਅਖਾਉਤਾਂ ਇੱਕ ਅਟੱਲ ਸਚਾਈ, ਭਾਵ ਜਾਂ ਵਿਚਾਰ ਆਦਿ ਦਾ ਪੂਰਨ ਪ੍ਰਟਾਅ ਕਰਦੀ ਹੈ। ਇਸ ਨੂੰ ਕਿਸੇ ਕਥਨ ਦੀ ਪੁਸ਼ਟੀ ਵਜੋਂ ਕਿਹਾ ਜਾਂਦਾ ਹੈ।

6. ਮੁਹਾਵਰਾ ਵਧੇਰੇ ਕਰਕੇ ਕਿਰਿਆ-ਰੂਪ ਦੀ ਵਿਆਕਰਨਿਕ ਸੰਰਚਨਾ ਦਾ ਧਾਰਨੀ ਹੁੰਦਾ ਹੈ। ਮੁਹਾਵਰੇ ਦੇ ਅੰਤ ਤੇ ਆਮ ਤੌਰ ਤੇ ਨਾ, ਨੀ, ਣਾ, ਣੀ, ਆਦਿ ਆਉਦੇ ਹਨ ਅਤੇ ਅਖਾਉਤਾਂ ਕਾਵਿਕ ਜਾਂ ਵਾਰਤਕ ਵਰਗੀ ਸੰਰਚਨਾ ਦੀਆਂ ਹੋ ਸਕਦੀਆਂ ਹਨ।

7. ਵਾਕ ਵਿੱਚ ਵਰਤਣ ਵੇਲੇ ਮੁਹਾਵਰੇ ਦੇ ਰੂਪ ਵਿੱਚ ਕੁੱਝ ਤਬਦੀਲੀ ਆ ਜਾਂਦੀ ਹੈ। ਅਖਾਉਤਾਂ ਦਾ ਰੂਪ ਨਿਸ਼ਚਿਤ ਰਹਿੰਦਾ ਹੈ।

8. ਮੁਹਾਵਰੇ ਵਿੱਚ ਅਰਥ-ਵਿਸਤਾਰ ਵਿਅੰਜਨਾ-ਸ਼ਕਤੀ ਨਵੀਂ ਭਾਸ਼ਾ ਘਾੜਤ ਵਿਚੋਂ ਪ੍ਰਗਟ ਹੁੰਦਾ ਹੈ। ਅਖਾਉਤਾਂ ਵਿੱਚ ਸਮਾਜਿਕ ਜਿੰਦਗੀ ਦੇ ਪਰਸਪਰ ਟਾਕਰੇ ਜਾਂ ਸੁਮੇਲ ਦੇ ਇਕਾਗਰ ਰੂਪਕ ਬਿੰਬ ਵਿਚੋਂ ਨਵੇਂ ਅਰਥ ਉਤਪੰਨ ਕੀਤੇ ਜਾਂਦੇ ਹਨ।

## ਅਖਾਣ/ ਅਖਾਉਤਾਂ

- **ਅੱਗੇ ਸੱਪ ਤੇ ਪਿੱਛੇ ਸੀਂਹ**
  ਦਿਨ ਭਰ ਪੈਂਡਾ ਮਾਰ ਕੇ ਸ਼ਹਿਰ ਦੇ ਨੇੜੇ ਗਏ ਤਾਂ ਪਤਾ ਲੱਗਾ ਕਿ ਵਿਚਕਾਰ ਪੈਂਦੀ ਨਦੀ ਵਿੱਚ ਹੜ੍ਹ ਆਇਆ ਹੋਇਆ ਹੈ । ਅੱਗੇ ਰਸਤਾ ਬੰਦ ਹੈ । ਪਿੱਛੇ ਮੁੜਨਾਂ ਵੀ ਮੁਸ਼ਕਲ ਸੀ, ਹਨੇਰਾ ਹੋ ਰਿਹਾ ਸੀ । ਪਿਛਲਾ ਟਿਕਾਣਾ ਬਹੁਤ ਦੂਰ ਰਹਿ ਗਿਆ ਸੀ, ਮਨ ਪ੍ਰੇਸ਼ਾਨ ਸੀ । ਮੇਰੇ ਲਈ ' ਅੱਗੇ ਸੱਪ ਤੇ ਪਿੱਛੇ ਸ਼ੀਂਹ ਵਾਲੀ ਗੱਲ ਹੋ ਗਈ ਸੀ ।

- **ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ**
  "ਕਰਮ ਚੰਦ ਜਦੋਂ ਦਾ ਪ੍ਰਧਾਨ ਬਣਿਆ ਹੈ ਉਸ ਦੀ ਬੈਠਕ ਵਿੱਚ ਬਹੁਤ ਭੀੜ ਰਹਿੰਦੀ ਹੈ ।" ਖੁਸ਼ੀ ਰਾਮ ਨੇ ਕਿਹਾ "ਲੋਕੀ ਕਰਮ ਚੰਦ ਕਰਕੇ ਥੋੜੀ ਜਾਂਦੇ ਹਨ ਉਹ ਤਾਂ ਉਸਦੀ ਪ੍ਰਧਾਨਗੀ ਕਰਕੇ ਜਾਂਦੇ ਹਨ । ਸਿਆਣਿਆਂ ਨੇ ਠੀਕ ਹੀ ਕਿਹਾ ਹੈ ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ," ਰਜਿੰਦਰ ਨੇ ਉੱਤਰ ਦਿੱਤਾ ।

- **ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ**
  ਸੁੰਦਰ ਸਿੰਘ ਹਰ ਵੇਲੇ ਆਪਣੀ ਜਾਇਦਾਦ, ਔਲਾਦ ਅਤੇ ਆਪਣੀਆਂ ਪਾ੍ਪਤੀਆਂ ਦੀਆ ਸਿਫਤਾਂ ਕਰਦਾ ਰਹਿੰਦਾ ਹੈ। ਉਸ ਦੇ ਬਾਰੇ ਤਾ ਅਕਸਰ ਕਿਹਾ ਜਾਂਦਾ ਹੈ- ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ।

- **ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ**
  ਅਮਰ ਸਿੰਘ ਨੂੰ ਪਹਿਲਾਂ ਤਾਂ ਲੋਕ ਕਹਿੰਦੇ ਸਨ ਕਿ ਉਹ ਕਿੰਨਾ ਕੰਜੂਸ ਹੈ, ਮਕਾਨ ਦੀ ਚੱਠ ਨਹੀ ਕਰਦਾ। ਹੁਣ ਜਦੋਂ ਉਸ ਨੇ ਔਖਿਆਂ ਹੋ ਕੇ ਚੱਠ ਕਰ ਦਿੱਤੀ ਤਾਂ ਲੋਕ ਦੂਜੇ ਪਾਸੇ ਉਸ ਦੀ ਨੁਕਤਾਚੀਨੀ ਕਰ ਰਹੇ ਹਨ ਕਿ ਇਤਨਾ ਖ਼ਰਚ ਕਰਨ ਦੀ ਕੀ ਲੋੜ ਸੀ। ਸਿਆਣਿਆਂ ਸੱਚ ਹੀ ਕਿਹਾ ਹੈ ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ।

- **ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ**
  ਸਕੂਲ ਦੇ ਵਿਦਿਆਰਥੀਆਂ ਨੇ ਪਿੰਡ ਵਿੱਚ ਐਨ. ਐਸ. ਐਸ ਦਾ ਕੈਂਪ ਲਾ ਕੇ ਪਿੰਡ ਦੀ ਸਫ਼ਾਈ ਕਰ ਦਿੱਤੀ। ਨਾਲ ਹੀ ਕਈ ਅਨਪੜ੍ਹ ਲੋਕਂ ਨੂੰ ਪੜ੍ਹਨਾ ਸਿਖਾਂ ਦਿੱਤਾ ਜਿਸ ਕਾਰਨ ਉਹਨਾਂ ਦੀ ਪ੍ਰਿਸੀਪਲ ਅਤੇ ਸਾਰੇ ਪਿੰਡ ਵਾਲਿਆਂ ਵਲੋਂ ਬੜੀ ਪ੍ਰਸ਼ੰਸ਼ਾ ਹੋ ਰਹੀ ਹੈ। ਸੱਚ ਹੀ ਕਿਹਾ ਗਿਆ ਹੈ ਕਿ ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ।

- **ਆਪੇ ਫਾਥੜੀਏ ਤੇਨੂੰ ਕੌਣ ਛੁਡਾਏ**
  ਮਨਜੀਤ ਨੇ ਆਪਣੀ ਮਰਜ਼ੀ ਨਾਲ ਮਾਪਿਆਂ ਤੋਂ ਬਾਗੀ ਹੋ ਕੇ ਅਦਾਲਤੀ ਵਿਆਹ ਕਰਾ ਲਿਆ। ਜਦੋਂ ਕਿ ਉਸਨੂੰ ਦੱਸਿਆ ਗਿਆ ਸੀ ਕਿ ਮੁੰਡਾ ਸ਼ਰਾਬੀ ਤੇ ਮਾੜੇ ਸੁਭਾਅ ਦਾ ਹੈ। ਹੁਣ ਜਦੋਂ ਉਹ ਨਿੱਤ ਦੇ ਕਲੇਸ਼ ਤੋਂ ਦੁਖੀ ਹੋ ਕੇ ਆਪਣੀ ਮਾਂ ਕੋਲ ਰੋਣ ਲੱਗੀ ਤਾਂ ਉਸ ਦੀ ਮਾਂ ਨੇ ਕਿਹਾ "ਇਸ ਵਿੱਚ ਅਸੀਂ ਕੀ ਕਰ ਸਕਦੇ ਹਾਂ। ਆਪੇ ਫਾਥੜੀਏ ਤੈਨੂੰ ਕੇਣ ਛੁਡਾਏ "

- **ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ**

  ਸੁੰਦਰ ਸਿੰਘ ਹਰ ਵੇਲੇ ਆਪਣੀ ਜਾਇਦਾਦ, ਔਲਾਦ ਅਤੇ ਆਪਣੀਆਂ ਪ੍ਾਪਤੀਆਂ ਦੀਆ ਸਿਫਤਾਂ ਕਰਦਾ ਰਹਿੰਦਾ ਹੈ। ਉਸ ਦੇ ਬਾਰੇ ਤਾ ਅਕਸਰ ਕਿਹਾ ਜਾਂਦਾ ਹੈ- ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ।

- **ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ**

  ਅਮਰ ਸਿੰਘ ਨੂੰ ਪਹਿਲਾਂ ਤਾਂ ਲੋਕ ਕਹਿੰਦੇ ਸਨ ਕਿ ਉਹ ਕਿੰਨਾ ਕੰਜੂਸ ਹੈ, ਮਕਾਨ ਦੀ ਚੱਠ ਨਹੀ ਕਰਦਾ। ਹੁਣ ਜਦੋਂ ਉਸ ਨੇ ਔਖਿਆਂ ਹੋ ਕੇ ਚੱਠ ਕਰ ਦਿੱਤੀ ਤਾਂ ਲੋਕ ਦੂਜੇ ਪਾਸੇ ਉਸ ਦੀ ਨੁਕਤਾਚੀਨੀ ਕਰ ਰਹੇ ਹਨ ਕਿ ਇਤਨਾ ਖ਼ਰਚ ਕਰਨ ਦੀ ਕੀ ਲੋੜ ਸੀ। ਸਿਆਣਿਆਂ ਸੱਚ ਹੀ ਕਿਹਾ ਹੈ ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ।

- **ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ**

  ਸਕੂਲ ਦੇ ਵਿਦਿਆਰਥੀਆਂ ਨੇ ਪਿੰਡ ਵਿੱਚ ਐਨ. ਐਸ. ਐਸ ਦਾ ਕੈਂਪ ਲਾ ਕੇ ਪਿੰਡ ਦੀ ਸਫ਼ਾਈ ਕਰ ਦਿੱਤੀ। ਨਾਲ ਹੀ ਕਈ ਅਨਪੜ੍ਹ ਲੋਕਂ ਨੂੰ ਪੜ੍ਹਨਾ ਸਿਖਾਂ ਦਿੱਤਾ ਜਿਸ ਕਾਰਨ ਉਹਨਾਂ ਦੀ ਪ੍ਰਿਸੀਪਲ ਅਤੇ ਸਾਰੇ ਪਿੰਡ ਵਾਲਿਆਂ ਵਲੋਂ ਬੜੀ ਪ੍ਰਸ਼ੰਸ਼ਾ ਹੋ ਰਹੀ ਹੈ। ਸੱਚ ਹੀ ਕਿਹਾ ਗਿਆ ਹੈ ਕਿ ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ।

- **ਸਵੈ ਭਰੋਸਾ ਵੱਡਾ ਤੋਸਾ**

  ਜਦੋਂ ਗੁਰਪ੍ਰੀਤ ਭਾਸ਼ਣ ਪ੍ਰਤੀਯੋਗਤਾ ਵਿੱਚ ਸ਼ਾਮਲ ਹੋਣ ਲੱਗੀ ਤਾਂ ਇੰਚਾਰਜ ਪ੍ਰੋਫ਼ੈਸਰ ਨੇ ਕਿਹਾ, “ਤੇਰੀ ਤਿਆਰੀ ਤਾਂ ਬਥੇਰੀ ਹੈ ਪਰ ਉੱਥੇ ਆਪਣਾ ਆਤਮ ਵਿਸ਼ਵਾਸ਼ ਕਾਇਮ ਰੱਖੀਂ, ਕਿਉਂਕਿ ਸਵੈਂ-ਭਰੋਸਾ ਵੱਡਾ ਤੋਸਾ।”

- **ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ**

  ਸੁਰਮੁਖ ਸਿੰਘ ਜ਼ੈਲਦਾਰ ਦੀ ਕੁਝ ਜ਼ਮੀਨ ਸੀਲਿੰਗ ਵਿੱਚ ਆਉਣ ਕਰਕੇ ਉਸ ਪਾਸੋਂ ਖੁਸ ਰਹੀ ਸੀ। ਉਸ ਨੇ ਇਹ ਸੋਚਦਿਆਂ ਕੁਝ ਜ਼ਮੀਨ ਸਕੂਲ ਨੂੰ ਦੇ ਦਿੱਤੀ ਕਿ ਸਾਰਾ ਜਾਂਦਾ ਵੇਖੀਏ, ਅੱਧਾ ਦੇਈਏ ਵੰਡ।

- **ਸੇਰ ਦੁੱਧ ਤੇ ਵੀਹ ਸੇਰ ਪਾਣੀ ਘੁੰਮਰ-ਘੁੰਮਰ ਫਿਰੇ ਮਧਾਣੀ**

  ਮਿਸਜ ਸ਼ਰਮਾ ਆਪਣੇ ਅਮਰੀਕਾ ਗਏ ਪੁੱਤਰ ਦੀਆਂ, ਉਸ ਦੀ ਉਚੇਰੀ ਤਨਖ਼ਾਹ ਦੀਆਂ ਸਿਫਤਾਂ ਕਰਕੇ ਚਲੀ ਗਈ ਤਾਂ ਉਸ ਦੀ ਗੁਆਂਢਣ ਦੂਜੀ ਨੂੰ ਕਹਿਣ ਲੱਗੀ, “ਲੈ ਦੇਖ ਸੇਰ ਦੁੱਧ ਤੇ ਵੀਹ ਸੇਰ ਪਾਣੀ ਘੁੰਮਰ-ਘੁੰਮਰ ਫਿਰੇ ਮਧਾਣੀ' ਜਿਵੇਂ ਕਿਸੇ ਨੂੰ ਪਤਾ ਨਹੀਂ ਕਿ ਇਹਦਾ ਮੁੰਡਾ ਉੱਥੇ ਕਿਸੇ ਹੋਟਲ ਵਿੱਚ ਸਫ਼ਾਈ ਦਾ ਕੰਮ ਕਰਦਾ ਹੈ।”

- **ਹੱਥ ਨੂੰ ਹੱਥ ਧੋਂਦਾ ਹੈ**

  ਗਿਆਨੀ ਜੀ ਨੇ ਅਨੰਦ ਕਾਰਜ ਸਮੇਂ ਨਵੀਂ ਵਿਆਹੀ ਜੋੜੀ ਨੂੰ ਸਿੱਖਿਆਂ ਦਿੰਦਿਆ ਕਿਹਾ “ਬੱਚਿਓ । ਤੁਸੀਂ ਧਿਆਨ ਰੱਖਣਾ ਪਤੀ ਪਤਨੀ ਵਿੱਚੋਂ ਕੋਈ ਵੀ ਦੁਖੀ ਹੋਵੇ ਤਾਂ ਇੱਕਲੇ-ਇੱਕਲੇ ਖ਼ੁਸ਼ ਨਹੀਂ ਰਹਿ ਸਕੋਗੇ। ਜੇ ਤੁਸੀ ਦੋਵੇਂ ਇੱਕ ਦੂਜੇ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰੋਗੇ ਤਾ ਹੀ ਖ਼ੁਸ਼ ਰਹੋਗੇ। ਇਹ ਜਿੰਦਗੀ ਦੀ ਅਟੱਲ ਸਚਾਈ ਹੈ ਕਿ ਹੱਥ ਨੂੰ ਹੱਥ ਧੋਂਦਾ ਹੈ।

- **ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਣ**
  ਸ. ਹਰੀ ਸਿੰਘ ਨਲੂਆਂ ਨੇ ਆਪਣੀ ਫ਼ੌਜ ਦੇ ਜੁਆਨਾਂ ਨੂੰ ਲਲਕਾਰ ਕੇ ਕਿਹਾ,"ਇਹ ਪਠਾਣ ਹਮਲਾਵਰ ਤੁਹਾਨੂੰ ਲੁੱਟਦੇ ਰਹੇ ਹਨ। ਹੁਣ ਇਹਨਾਂ ਨੂੰ ਤਕੜੇ ਹੋ ਕੇ ਸਬਕ ਸਿਖਾਓ, ਕਿਉਂਕਿ ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਣ।"

- **ਹਿੰਗ ਲਗੇ ਨਾ ਫਟਕੜੀ ਰੰਗ ਚੋਖਾ ਆਵੇ**
  ਸੰਤ ਜੀ ਉਪਦੇਸ਼ ਦਿੰਦਿਆ ਕਹਿਣ ਲੱਗੇ, "ਬੱਚਿਓ ਮਿੱਠਾ ਬੋਲਣਾ ਸਿੱਖੋ। ਇਸ ਨਾਲ ਤੁਹਾਡਾ ਕੁਝ ਘਟ ਨਹੀਂ ਜਾਂਦਾ ਪਰ ਤੁਹਾਨੂੰ ਹਾਸਲ ਬੜਾ ਕੁਝ ਹੋ ਜਾਂਦਾ ਹੈ। ਮਿੱਠਾ ਬੋਲਣ ਦੀ ਤਾਂ ਉਹੀ ਗੱਲ ਹੈ, "ਹਿੰਗ ਲਗੇ ਨਾ ਫਟਕੜੀ ਰੰਗ ਚੋਖਾ ਆਵੇ।"

- **ਕੱਲ੍ਹ ਕਰਨਾ ਸੋ ਅੱਜ ਕਰ, ਅੱਜ ਕਰਨਾ ਸੋ ਹੁਣ। ਉਮਰ ਹੱਡਾਂ ਨੂੰ ਖਾ ਰਹੀ ਜਿਉਂ ਲੱਕੜੀ ਨੂੰ ਘੁਣ**
  ਜਦੋਂ ਸੁਰਿੰਦਰ ਦੂਜੇ ਦਿਨ ਵੀ ਸਕੂਲੋਂ ਮਿਲਿਆ ਘਰ ਦਾ ਕੰਮ ਨਾ ਕਰ ਕੇ ਲਿਆਇਆ ਤੇ ਕਹਿਣ ਲੱਗਾ, 'ਜੀ ਮੈਂ ਲਕ ਕਰਕੇ ਲਿਆਵਾਂਗਾ'। ਤਾਂ ਮਾਸਟਰ ਜੀ ਨੇ ਨਸੀਹਤ ਦਿੰਦਿਆ ਕਿਹਾ, "ਅੱਜ ਦਾ ਕੰਮ ਅੱਜ ਹੀ ਕਰਨ ਦੀ ਆਦਤ ਪਾਓ। ਤੁਸੀਂ ਨਹੀਂ ਸੁਣਿਆ- ਕੱਲ੍ਹ ਕਰਨਾ ਸੋ ਅੱਜ ਕਰ, ਅੱਜ ਕਰਨਾ ਸੋ ਹੁਣ। ਉਮਰ ਹੱਡਾਂ ਨੂੰ ਖਾ ਰਹੀ ਜਿਉਂ ਲੱਕੜੀ ਨੂੰ ਘੁਣ।"

- **ਕੁੱਤਾ ਭੌਂਕੇ ਬੱਦਲ ਗੱਜੇ, ਨਾ ਉਹ ਵੱਢੇ ਨਾ ਉਹ ਵੱਸੇ**
  "ਅਧਿਕਾਰੀ ਰੌਲਾ ਤਾਂ ਬਹੁਤ ਪਾਉਂਦੇ ਹਨ ਕਿ ਉਹ ਕਾਲੇ ਧੰਦੇ ਕਰਨ ਵਾਲਿਆਂ ਦੇ ਖ਼ਿਲਾਫ ਕਾਨੂੰਨੀ ਕਾਰਵਾਈ ਕਰਨਗੇ ਪਰ ਅਮਲ ਵਿੱਚ ਕੁਝ ਵੀ ਨਹੀਂ ਹੁੰਦਾ। ਉਹਨਾਂ ਦਾ ਤਾ ਉਹ ਹਾਲ ਹੈ- ਕੁੱਤਾ ਭੌਂਕੇ ਬੱਦਲ ਗੱਜੇ,ਨਾ ਉਹ ਵੱਢੇ ਨਾ ਉਹ ਵੱਸੇ।" ਚੋਣਾ ਵੇਲੇ ਵਿਰੋਧੀ ਧਿਰ ਦੇ ਨੇਤਾ ਨੇ ਭਾਸ਼ਣ ਵਿੱਚ ਕਿਹਾ।

- **ਖਿੱਦੋ ਫੋਲਿਆਂ ਲੀਰਾਂ ਹੀ ਨਿਕਲਣੀਆਂ ਹਨ**
  ਦੋਹਾਂ ਭਰਾਵਾਂ ਵਿੱਚ ਜ਼ਮੀਨ ਦੇ ਝਗੜੇ ਨੂੰ ਨਿਪਟਾਉਣ ਤੋਂ ਬਾਅਦ ਸਰਪੰਚ ਨੇ ਕਿਹਾ "ਆਪਸੀ ਸਹਿਮਤੀ ਨਾਲ ਮਸਲੇ ਸੁਲਝਾਉਣੇ ਹੀ ਠੀਕ ਹਨ। ਇੱਕ ਦੂਜੇ ਦੀਆਂ ਗਲਤੀਆਂ ਚਿਤਾਰਨ ਦੀ ਲੋੜ ਨਹੀ। ਤੁਹਾਨੂੰ ਪਤਾ ਹੀ ਹੈ 'ਖਿੱਦੋ ਫੋਲਿਆਂ ਲੀਰਾਂ ਹੀ ਨਿਕਲਣੀਆਂ ਹਨ।'

- **ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ**
  ਦੁੱਲੇ ਦੀਆਂ ਸਰਕਾਰੀ ਲੁੱਟਾਂ ਖੋਹਾਂ ਨੂੰ ਸੁਨ-ਸੁਣ ਕੇ ਬਾਦਸ਼ਾਹ ਰੋਹ ਵਿੱਚ ਆ ਗਿਆ ਤੇ ਕਹਿਣ ਲੱਗਾ, "ਮੇਰੇ ਬਹਾਦਰ ਸਰਦਾਰੋ ਦੁੱਲੇ ਨੂੰ ਮੁਸ਼ਕਾਂ ਬੰਨ੍ਹ ਕੇ ਦਰਬਾਰ ਵਿੱਚ ਲਿਆਓ। ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ। ਦੁੱਲ੍ਹੇ ਦਾ ਦਿਮਾਗ ਖਰਾਬ ਹੋ ਗਿਆ ਲੱਗਦਾ ਹੈ।"

- **ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ**
  ਸੁੰਦਰ ਸਿੰਘ ਪਿੰਡ ਵਿੱਚ ਮਜ਼ਦੂਰੀ ਨਾਲ ਗੁਜ਼ਾਰਾ ਕਰਨ ਦੀ ਔਖਿਆਈ ਕਰਕੇ ਸ਼ਹਿਰ ਗਿਆ ਪਰ ਸ਼ਹਿਰ ਦੇ ਖਰਚਿਆਂ ਕਾਰਨ ਉਹ ਹੋਰ ਵੀ ਦੁਖੀ ਹੋ ਗਿਆ। ਉਸ ਨਾਲ ਤਾਂ ਉਹ ਹੋਈ 'ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ।'

- **ਘਰ ਵਸਦਿਆਂ ਦੇ, ਸਾਕ ਮਿਲਦਿਆਂ ਦੇ ਤੇ ਖੇਤ ਵਾਹੁੰਦਿਆਂ ਦੇ**
  ਚੰਡੀਗੜ੍ਹ ਰਹਿੰਦੇ ਅਜ਼ਮੇਰ ਸਿੰਘ ਨੂੰ ਉਸ ਦਾ ਫੁੱਫੜ ਮਿਲਣ ਆਇਆ। ਉਸ ਨੇ ਕਿਹਾ, "ਬਾਈ ਅਜ਼ਮੇਰ ਕਦੀ ਪਿੰਡ ਮਿਲਣ ਆ ਜਾਇਆ ਕਰ। ਸਿਆਣਿਆ ਨੇ ਕਿਹਾ ਹੈ, ਘਰ ਵਸਦਿਆਂ ਦੇ, ਸਾਕ ਮਿਲਦਿਆਂ ਦੇ ਤੇ ਖੇਤ ਵਾਹੁੰਦਿਆਂ ਦੇ।"

- **ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ**
  ਮਨਮੋਹਨ ਨੇ ਕਿਸੇ ਸ਼ਬਦ ਦਾ ਅਰਥ ਵੇਖਣ ਲਈ ਡਿਕਸ਼ਨਰੀ ਕੱਢੀ ਤਾਂ ਸੋਹਣ ਕਹਿਣ ਲੱਗਾ, "ਜ਼ਰਾ ਮੈਨੂੰ ਦੇਈਂ ਮੈਂ ਵੀ ਇੱਕ ਸ਼ਬਦ ਦੇ ਅਰਥ ਵੇਖਣੇ ਹਨ।" ਭਲਿੰਦਰ ਨੇ ਵੀ ਡਿਕਸ਼ਨਰੀ ਲਈ ਆਵਾਜ਼ ਮਾਰ ਦਿੱਤੀ। ਮਨਮੋਹਨ ਨੇ ਕਿਹਾ ਇਹ ਤਾਂ ਉਹ ਗੱਲ ਹੋਈ, ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ।

- **ਚਾਹੇ ਛੁਰੀ ਖ਼ਰਬੂਜੇ ਉੱਤੇ ਡਿੱਗੇ ਚਾਹੇ ਖ਼ਰਬੂਜਾ ਛੁਰੀ ਉੱਤੇ, ਨੁਕਸਾਨ ਖ਼ਰਬੂਜੇ ਦਾ**
  ਅੱਜ ਦੇ ਵਪਾਰਿਕ ਯੁੱਗ ਵਿੱਚ ਗਰੀਬ ਕਿਰਸਾਣ ਭਾਵੇਂ ਵੇਚੇ ਤੇ ਭਾਵੇਂ ਖ਼ਰੀਦੇ ਉਸਦਾ ਨਿਕਸਾਨ ਹੀ ਨੁਕਸਾਨ ਹੈ। ਜੇ ਉਹ ਅਨਾਜ ਵੇਚਦਾ ਹੈ ਤਾਂ ਸਸਤਾ ਵੇਚਣਾ ਪੈਂਦਾ ਹੈ ਜੇ ਲੋੜ ਪੈਣ ਤੇ ਖ਼ਰੀਦ ਦਾ ਹੈ ਤਾਂ ਮਹਿੰਗਾ ਖ਼ਰੀਦਣਾ ਪੈਂਦਾ ਹੈ। ਉਹਦਾ ਤਾਂ ਉਹੀ ਹਾਲ ਹੈ ਚਾਹੇ ਛੁਰੀ ਖ਼ਰਬੂਜੇ ਉੱਤੇ ਡਿੱਗੇ ਚਾਹੇ ਖ਼ਰਬੂਜਾ ਛੁਰੀ ਉੱਤੇ, ਨੁਕਸਾਨ ਖ਼ਰਬੂਜੇ ਦਾ ਹੀ ਹੁੰਦਾ ਹੈ।

- **ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ**
  ਵਲੈਤੀ ਲਾਲ ਨੇ ਸ਼ਾਮ ਦਾਸ ਉੱਪਰ ਮਿਲਾਵਟੀ ਚੀਜ਼ਾ ਵੇਚਣ ਦਾ ਦੋਸ਼ ਲਾਇਆ ਤਾਂ ਕੋਲੋਂ ਨਰਾਇਣ ਸਿੰਘ ਨੇ ਕਿਹਾ,"ਵਲੈਤੀ ਲਾਲ ਤੂੰ ਚੁੱਪ ਕਰ, ਤੂੰ ਤਾਂ ਆਪ ਅਜੇ ਜ਼ਖੀਰੇਬਾਜ਼ ਹੋਣ ਦੇ ਦੋਸ਼ ਵਿੱਚ ਪੇਸ਼ੀਆਂ ਭੁਗਤ ਰਿਹਾ ਹੈ। ਅਖੇ, ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ।"

- **ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ**
  ਸਰਨ ਸਿੰਘ ਬਾਰੇ ਮੈਂ ਸੁਣਿਆ ਸੀ ਕਿ ਉਹ ਬੜਾ ਸਖ਼ਤ ਆਦਮੀ ਹੈ। ਪਰ ਜਦੋਂ ਮੈਂ ਉਸ ਨੂੰ ਮਿਲਿਆ ਤਾਂ ਉਹ ਬੜਾ ਮਿਲਣਸਾਰ ਤੇ ਕੰਮ ਆਉਣ ਵਾਲਾ ਬੰਦਾ ਨਿਕਲਿਆ। ਸੱਚ ਹੀ ਕਿਹਾ ਹੈ, ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ।

- **ਜਾਂਦੇ ਚੋਰ ਦੀ ਲੰਗੋਟੀ ਹੀ ਸਹੀ**
  ਜਦੋਂ ਕਿਰਾਏਦਾਰ ਦੋ ਮਹੀਨੇ ਦਾ ਕਿਰਾਇਆ ਮਾਰ ਕੇ ਚੋਰੀਂ ਮਕਾਨ ਖਾਲੀ ਕਰ ਗਿਆ ਤਾਂ ਕਮਰੇ ਵਿੱਚ ਉਸ ਦੇ ਦੋ ਮੰਜੇ ਰਹਿ ਗਏ ਦੇਖ ਕੇ ਮਕਾਨ ਮਾਲਕ ਨੇ ਕਿਹਾ, "ਚਲੋ ਇਹਨਾ ਨੂੰ ਤਾਂ ਕਾਬੂ ਕਰੋ। ਅਖੇ ਜਾਂਦੇ ਚੋਰ ਦੀ ਲੰਗੋਟੀ ਹੀ ਸਹੀ।"

- **ਜੋ ਰਾਤੀ ਜਾਗਣ ਕਾਲੀਆਂ ਸੋਈ ਖਾਣ ਸੁਖਾਲੀਆਂ**
  ਅਧਿਆਪਕ ਨੇ ਬੱਚਿਆ ਨੂੰ ਸਖ਼ਤ ਮਿਹਨਤ ਤੇ ਲਗਨ ਦੀ ਆਦਤ ਪਾਉਣ ਲਈ ਸਿੱਖਿਆ ਦਿੰਦਿਆਂ ਕਿਹਾ, "ਜਿਹੜੇ ਵਿਦਿਆਰਥੀ ਹੁਣੇ ਤੋਂ ਹੀ ਸਖ਼ਤ ਮਿਹਨਤ ਕਰਨ ਦੀ ਜਾਂਚ ਸਿੱਖ ਲੈਂਦੇ ਹਨ ਉਹ ਜਿੰਦਗੀ ਵਿੱਚ ਹਮੇਸ਼ਾ ਕਾਮਯਾਬ ਰਹਿੰਦੇ ਹਨ। ਸਿਆਣਿਆਂ ਦਾ ਕਥਨ ਹੈ- ਜੋ ਰਾਤੀ ਜਾਗਣ ਕਾਲੀਆਂ ਸੋਈ ਖਾਣ ਸੁਖ਼ਾਲੀਆਂ।"

- **ਠੂਠਾ ਫੁੱਟ ਕੇ ਛੰਨਾ ਮਿਲਿਆ**
  ਯੂਸਫ ਅਲੀ ਬੜੀ ਦੇਰ ਨੌਕਰੀ ਦੀ ਭਾਲ ਵਿੱਚ ਰਿਹਾ। ਫਿਰ ਜਦੋਂ ਨੌਕਰੀ ਮਿਲੀ ਵੀ ਤਾਂ ਉਹ ਵੀ ਕੱਚੀ ਕੇਵਲ ਇੱਕ ਸਾਲ ਲਈ। ਇਸ ਨੌਕਰੀ ਦੇ ਹੱਟਣ ਤੇ ਉਸ ਨੇ ਹੋਰ ਕੋਈ ਚਾਰਾ ਨਾ ਵੇਖ ਕੇ ਫਲਾਂ ਦੀ ਇੱਕ ਛੋਟੀ ਜਿਹੀ ਦੁਕਾਨ ਪਾ ਲਈ। ਦੁਕਾਨ ਚੱਲ ਪਈ ਤੇ ਹੁਣ ਉਸ ਦਾ ਫਲਾਂ ਦਾ ਚੰਗਾ ਕਾਰੋਬਾਰ ਹੈ। ਆਪਣੀ ਜ਼ਿੰਦਗੀ ਵਿੱਚ ਆਈ ਇਸ ਚੰਗੀ ਤਬਦੀਲੀ ਬਾਰੇ ਤਾਂ ਉਹ ਆਮ ਕਹਿੰਦਾ ਹੈ ਕਿ ਮੈਨੂੰ ਠੂਠਾ ਫੁੱਟ ਕੇ ਛੰਨਾ ਮਿਲਿਆ ਹੈ।

- **ਡਾਢੇ ਨਾਲ ਭਿਆਲੀ ਉਹ ਮੰਗੇ ਹਿੱਸਾ ਉਹ ਕੱਢੇ ਗਾਲੀ**
  ਚਾਚਾ ਜੀ ਨੇ ਸਮਝਾਉਂਦਿਆਂ ਕਿਹਾ, "ਸੰਤੋਖ ਸਿੰਹਾਂ, ਆਪਣੇ ਤੋਂ ਤਾਕਤਵਰ ਬੰਦੇ ਨਾਲ ਸਾਝਾਂ ਕੰਮ ਸੋਚ ਸਮਝ ਕੇ ਹੀ ਸ਼ੁਰੂ ਕਰਨਾ ਚਾਹੀਦਾ ਹੈ। ਕਈ ਬਾਰ ਬਹੁਤ ਤੰਗ ਹੋਣਾ ਪੈਂਦਾ ਹੈ। ਸਿਆਣਿਆਂ ਨੇ ਵੀ ਕਿਹਾ ਹੈ ਡਾਢੇ ਨਾਲ ਭਿਆਲੀ ਉਹ ਮੰਗੇ ਹਿੱਸਾ ਉਹ ਕੱਢੇ ਗਾਲੀ।"

- **ਤੌੜੀ ਉਬਲੇਗੀ ਤਾਂ ਆਪਣੇ ਹੀ ਕੰਡੇ ਸਾੜੇਗੀ**
  "ਆਦਮੀ ਨੂੰ ਹਰ ਨਿੱਕੀ-ਨਿੱਕੀ ਗੱਲ ਉੱਤੇ ਗੁੱਸਾ ਨਹੀ ਕਰਨਾ ਚਾਹੀਦਾ। ਇਸ ਨਾਲ ਆਪਣਾ ਹੀ ਨੁਕਸਾਨ ਹੁੰਦਾ ਹੈ। ਸੁਣਿਆਂ ਹੋਇਐ ਨਾ? ਤੌੜੀ ਉਬਲੇਗੀ ਤਾਂ ਆਪਣੇ ਹੀ ਕੰਡੇ ਸਾੜੇਗੀ।" ਸੰਤ ਸਿੰਘ ਨੇ ਸੁਮੀਤ ਨੂੰ ਸਮਝਾਉਂਦਿਆ ਕਿਹਾ।

- **ਮਨ ਜੀਤੇ ਜਗ ਜੀਤ**
  "ਕਾਕਾ ਕੋਈ ਵਈ ਅਉਗਣ ਐਸਾ ਨਹੀਂ ਜਿਸ ਤੋਂ ਬਚਿਆ ਨਾ ਜਾ ਸਕੇ। ਬਸ ਮਨ ਉੱਤੇ ਕਾਬੂ ਪਾਉਣ ਦੀ ਲੋੜ ਹੈ। ਗੁਰਬਾਣੀ ਦਾ ਕਥਨ ਹੈ - ਮਨ ਜੀਤੇ ਜਗ ਜੀਤ", ਸੰਤਾ ਨੇ ਉਪਦੇਸ਼ ਦਿੰਦਿਆ ਕਿਹਾ।

- **ਵਿਦਿਆ ਵਿਚਾਰੀ ਤਾਂ ਪਰਉਪਕਾਰੀ**

  ਦੋ ਦਹਾਕੇ ਪਹਿਲਾਂ ਇਸ ਪਿੰਡ ਵਿੱਚ ਪ੍ਰਾਇਮਰੀ ਸਕੂਲ ਖੁੱਲ੍ਹਿਆ ਸੀ ਜਿਸ ਵਿੱਚ ਸ. ਸੱਜਣ ਸਿੰਘ ਵਰਗੇ ਅਧਿਆਪਕ ਆਏ। ਉਹਨਾਂ ਨੇ ਵਿਦਿਆ ਦੀ ਐਸੀ ਜੋਤ ਜਗਾਈ ਕਿ ਅੱਜ ਸਾਡੇ ਪਿੰਡ ਨੂੰ ਪੜ੍ਹਿਆਂ-ਲਿਖਿਆਂ ਦਾ ਪਿੰਡ ਹੋਣ ਦਾ ਮਾਣ ਹੈ ਤੇ ਪਿੰਡ ਦੀ ਉੱਨਤੀ ਵੀ ਹੋਈ ਹੈ। ਉਹਨਾਂ ਨੇ ਤਾਂ 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦਾ ਵਾਕ ਸੱਚ ਕਰ ਵਿਖਾਇਆ।

- **ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ**

  ਜਦੋਂ ਕਣਕ ਵੱਢਣ ਦਾ ਵੇਲਾ ਸੀ ਉਦੋਂ ਬੰਤਾ ਸਿੰਘ ਮੇਲੇ ਵੇਖਦਾ ਰਿਹਾ ਤੇ ਹੁਣ ਜਦੋਂ ਘਟਾਵਾਂ ਚੜ੍ਹ-ਚੜ੍ਹ ਆਉਂਦੀਆਂ ਹਨ ਤਾਂ ਕਣਕ ਸਾਂਭਣ ਲਈ ਘਾਬਰਿਆ ਫਿਰਦਾ ਹੈ। ਉਹਨੂੰ ਵੇਖ ਕੇ ਹਰ ਕੋਈ ਕਹਿੰਦਾ ਹੈ - ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ।

- **ਕੁੱਤੇ ਭੌਂਕਦੇ ਰਹਿੰਦੇ ਹਨ ਹਾਥੀ ਲੰਘ ਜਾਂਦੇ ਹਨ**

  ਬਾਬਾ ਹਰਬੰਸ ਸਿੰਘ ਜੀ ਸਾਦਾ ਵਿਆਹ ਕਰਨ ਦੇ ਹੱਕ ਵਿੱਚ ਅਤੇ ਦਾਜ ਦਹੇਜ ਦੇ ਖ਼ਿਲਾਫ਼ ਡਟ ਕੇ ਪ੍ਰਚਾਰ ਕਰਦੇ ਰਹਿੰਦੇ। ਜਦੋਂ ਉਹਨਾਂ ਦੇ ਵਿਰੋਧੀ ਉਹਨਾਂ ਦੇ ਖ਼ਿਲਾਫ਼ ਬੋਲਦੇ ਤਾਂ ਬਾਬਾ ਜੀ ਦ੍ਰਿੜਤਾ ਨਾਲ ਕਹਿੰਦੇ, "ਕੁੱਤੇ ਭੌਂਕਦੇ ਰਹਿੰਦੇ ਹਨ ਹਾਥੀ ਲੰਘ ਜਾਂਦੇ ਹਨ।"

- **ਆਪਣੀ ਅਕਲ ਤੇ ਪਰਾਇਆ ਧਨ ਬਹੁਤ ਜਾਪਦਾ ਹੈ**

  "ਸਤਸੰਗੀਓ, ਜੋ ਵੀ ਕੰਮ ਤੁਸੀਂ ਕਰ ਰਹੇ ਹੋ ਅਤੇ ਜੋ ਤੁਸੀਂ ਕਮਾ ਰਹੇ ਹੋ ਉਸ ਨਾਲ ਸੰਤੁਸ਼ਟ ਰਹਿਣਾ ਸਿੱਖੋ। ਐਵੇਂ ਦੂਸਰਿਆਂ ਦੇ ਅਹੁਦਿਆਂ ਅਤੇ ਧਨ ਕਰਕੇ ਈਰਖਾ ਨਾ ਕਰਿਆ ਕਰੋ ਇਸ ਸੰਸਾਰ ਵਿੱਚ ਇਹ ਭੁਲੇਖਾਂ ਹੀ ਹੁੰਦਾ ਹੈ ਕਿ ਹਰ ਇੱਕ ਨੂੰ ਆਪਣੀ ਅਕਲ ਤੇ ਪਰਾਇਆ ਧਨ ਬਹੁਤਾ ਜਾਪਦਾ ਹੈ", ਗਿਆਨੀ ਜੀ ਨੇ ਕਿਹਾ।

- **ਉਖਲੀ ਵਿੱਚ ਸਿਰ ਦਿੱਤਾ ਮੋਹਲਿਆਂ ਦਾ ਕੀ ਡਰ**

  ਜਨਕ ਸਿੰਘ ਨੂੰ ਆਪਣੀ ਲੜਕੀ ਦਾ ਵਿਆਹ ਬੜੀ ਤੰਗੀ ਵਿੱਚ ਕਨਾ ਪੈ ਰਿਹਾ ਸੀ । ਇੰਨੇ ਨੂੰ ਵਿਚੋਲੇ ਰਾਂਹੀ ਮੁੰਡੇ ਵਾਲਿਆਂ ਵੱਲੋਂ ਫ੍ਰਿੱਜ ਦੀ ਮੰਗ ਆ ਗਈ ਤਾਂ ਉਹ ਦੁਖੀ ਹੋਇਆ । ਫਿਰ ਕਹਿਣ ਲੱਗਾ ਭਾਈ, "ਇਹ ਤਾਂ ਕਰਨਾ ਹੀ ਪਊ। ਉਖਲੀ ਵਿੱਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ ।

ਤਿਆਰ ਕਰਤਾ

ਸੰਦੀਪ ਸਿੰਘ  ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ ਭਿੰਡੀ ਔਲਖ ( ਅੰਮ੍ਰਿਤਸਰ )

8437626373

